## 3:17, 18

# ਆਖ਼ਰੀ ਨਸੀਹਤ

**[17]ਸੋ ਹੇ ਪਿਆਰਿਓ, ਜਦੋਂ ਤੁਸੀਂ ਅੱਗੇ ਹੀ ਏਹ ਗੱਲਾਂ ਜਾਣਦੇ ਹੋ ਤਾਂ ਚੌਕਸ ਰਹੋ ਭਈ ਕਿਤੇ ਨਾ ਹੋਵੇ ਜੋ ਦੁਸ਼ਟਾਂ ਦੀ ਭੁੱਲ ਨਾਲ ਭਰਮ ਕੇ ਆਪਣੀ ਦ੍ਰਿੜ੍ਹਤਾ ਤੋਂ ਡਿੱਗ ਪਓ।**
**[18]ਪਰ ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੀ ਕਿਰਪਾ ਅਤੇ ਗਿਆਨ ਵਿੱਚ ਵਧਦੇ ਜਾਓ। ਉਹ ਦੀ ਵਡਿਆਈ ਹੁਣ ਅਤੇ ਜੁੱਗੋ ਜੁੱਗ ਹੁੰਦੀ ਰਹੇ। ਆਮੀਨ।**

ਪਤਰਸ ਦੀ ਪੱਤ੍ਰੀ ਉਸ ਦੇ ਪਾਠਕਾਂ ਨੂੰ ਬੜੇ ਹੀ ਨਰਮ ਤਰੀਕੇ ਨਾਲ ਸੰਬੋਧਤ ਕਰਦਿਆਂ ਸ਼ੁਰੂ ਹੋਈ ਸੀ। ਉਸ ਨੇ ਮਸੀਹ ਦਾ ਰਸੂਲ ਹੋਣ ਦੇ ਨਾਤੇ ਉਨ੍ਹਾਂ ਨੂੰ ਆਪਣੀਆਂ ਯੋਗਤਾਵਾਂ ਬਾਰੇ ਚੇਤੇ ਕਰਾਇਆ ਸੀ। ਉਸ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਸ ਦੇ ਗਿਆਨ ਦਾ ਸਰੋਤ ਪ੍ਰਭੂ ਵਿਚ ਸੀ। ਸੰਦੇਸ਼ ਜਿਹੜਾ ਉਨ੍ਹਾਂ ਨੇ ਪਹਿਲੀ ਪੱਤ੍ਰੀ ਵਿੱਚੋਂ ਸੁਣਿਆ ਸੀ ਪਰਮੇਸ਼ੁਰ ਦਾ ਸੱਚਾ ਗਿਆਨ ਸੀ। ਉਸ ਤੋਂ ਬਾਅਦ, ਰਸੂਲ ਨੇ ਆਪਣਾ ਧਿਆਨ ਉਨ੍ਹਾਂ ਝੂਠੇ ਗੁਰੂਆਂ ਵੱਲ ਮੋੜ ਲਿਆ ਜਿਹੜੇ ਕਲੀਸੀਆਵਾਂ ਨੂੰ ਵੰਡ ਰਹੇ ਅਤੇ ਬਰਬਾਦ ਕਰ ਰਹੇ ਸਨ। ਇੱਥੇ, ਪੱਤ੍ਰੀ ਦੇ ਅੰਤ ਵਿਚ, ਉਸ ਦੇ ਲਈ ਵਾਪਸ ਉਸ ਵੱਲ ਮੁੜਨਾ ਉਚਿਤ ਸੀ ਜੋ ਉਹ ਅਤੇ ਉਸ ਦੇ ਪਾਠਕ ਜਾਣਦੇ ਸਨ। ਕਿਉਂਕਿ ਉਸ ਨੇ ਉਨ੍ਹਾਂ ਨੂੰ ਲਿਖਿਆ ਸੀ, ਇਨ੍ਹਾਂ ਮਸੀਹੀਆਂ ਨੂੰ ਚਿਤਾਵਨੀ ਦਿੱਤੀ ਗਈ ਸੀ। ਉਹ ਪਹਿਲਾਂ ਤੋਂ ਹੀ ਜਾਣਦੇ ਸਨ ਕਿ ਝੂਠੇ ਗੁਰੂਆਂ ਨੇ ਹੈਰਾਨ ਕਰ ਦੇਣ ਵਾਲੇ ਦਾਅਵੇ ਕੀਤੇ ਸਨ ਅਤੇ ਕਰਦੇ ਰਹਿਣਗੇ। ਆਪਣੀ ਵੱਲੋਂ, ਪਾਠਕਾਂ ਨੇ ਉਸੇ ਗਿਆਨ ਵਿਚ ਵਧਣਾ ਸੀ ਜੋ ਪਤਰਸ ਉਨ੍ਹਾਂ ਦੇ ਲਈ ਲੈ ਕੇ ਆਇਆ ਸੀ।

**ਆਇਤ 17.** ਪਤਰਸ ਦੀ ਪੱਤ੍ਰੀ ਕੋਈ ਕਾਲਪਨਕ ਪੁਸਤਕ ਨਹੀਂ ਹੈ। ਉਸ ਨੇ ਉਨ੍ਹਾਂ ਲੋਕਾਂ ਨੂੰ ਲਿਖਿਆ ਜਿਨ੍ਹਾਂ ਨੂੰ ਉਹ ਜਾਣਦਾ ਅਤੇ ਪ੍ਰੇਮ ਕਰਦਾ ਸੀ। ਉਸ ਦੇ ਸਾਥੀ ਮਸੀਹੀ ਲੋਕ ਉਸ ਦੇ **ਪਿਆਰੇ** ਸਨ। ਰਸੂਲ ਕੋਲ ਕੋਈ ਕਾਰਜਸੂਚੀ ਨਹੀਂ ਸੀ, ਸ਼ਿਕਾਇਤ ਕਰਨ ਲਈ ਕੋਈ ਚੀਜ਼ ਨਹੀਂ ਸੀ, ਫਾਇਦਾ ਉਠਾਉਣ ਵਾਲੀ ਕੋਈ ਗੱਲ ਨਹੀਂ ਸੀ। ਉਹ ਨੇ ਇਸ ਲਈ ਲਿਖਿਆ ਤਾਂ ਕਿ **ਉਹ ਦੁਸ਼ਟਾਂ ਦੀ ਭੁੱਲ ਨਾਲ ਭਰਮਾਏ ਨਾ ਜਾਣ**। ਉਹ ਚਾਹੁੰਦਾ ਸੀ ਕਿ ਇਹ ਮਸੀਹੀ ਲੋਕ ਉਸ ਦੇ ਨਾਲ ਨਵੇਂ ਅਕਾਸ਼ ਅਤੇ ਨਵੀਂ ਧਰਤੀ ਵਿਚ ਉਸ ਦੇ ਨਾਲ ਸਾਂਝੀ ਹੋਣ "ਜਿਨ੍ਹਾਂ ਵਿੱਚ ਧਰਮ ਵੱਸਦਾ ਹੈ" (3:13)। ਉਸ ਦੀ ਇਹ ਪੱਤ੍ਰੀ ਇਸੇ ਬਾਰੇ ਹੈ। ਉਸ ਨੇ ਇਸ ਲਈ ਲਿਖਿਆ ਤਾਂ ਕਿ ਉਹ **ਅੱਗੇ ਹੀ** ਜਾਣ ਸਕਣ ਅਤੇ ਇਸ ਲਈ [ਉਹ] **ਚੌਕਸ ਰਹਿਣ**। ਪਤਰਸ ਸਮਝ ਗਿਆ ਸੀ ਕਿ ਮਸੀਹ ਵਿਚ ਆਉਣਾ ਇਕ ਗੱਲ ਹੈ; ਮਸੀਹ ਵਿਚ ਵਫ਼ਾਦਾਰੀ ਨਾਲ ਜੀਉਣਾ ਇਕ ਹੋਰ ਗੱਲ ਹੈ। ਉਹ ਇਸ ਗੱਲ ਬਾਰੇ ਚਿੰਤਤ ਸੀ ਕਿ ਕਿਤੇ ਉਸ ਦੇ ਪਾਠਕ ਪਰਮੇਸ਼ੁਰ ਦੀ ਕਿਰਪਾ **ਤੋਂ ਡਿੱਗ** ਨਾ ਪੈਣ।

ਇਕ ਮਸੀਹੀ ਆਗੂ ਦੇ ਲਈ ਕੁਝ ਕੰਮ "ਝੂਠੇ ਗੁਰੂਆਂ" ਨਾਲ ਨਜਿੱਠਣ ਤੋਂ ਜ਼ਿਆਦਾ

ਮੁਸ਼ਕਲ ਹੁੰਦੇ ਹਨ (2:1)। ਬਹੁਤ ਸਾਰੇ ਇਹ ਬਹਾਨਾ ਬਣਾਉਣਾ ਪਸੰਦ ਕਰਨਗੇ ਕਿ ਉਹ ਉੱਥੇ ਨਹੀਂ ਹਨ। ਮਸੀਹੀ ਬਣਨ ਦੇ ਲਈ ਇਮਾਨਦਾਰੀ ਦੀ ਲੋੜ ਹੁੰਦੀ ਹੈ। ਸੱਚਾਈ ਸੰਬੰਧਸੂਚਕ ਹੈ; ਸੱਚਾਈ ਉਹ ਹੈ ਜਿਸ ਨੂੰ ਇਕ ਵਿਅਕਤੀ ਸੱਚਾਈ ਸਮਝਦਾ ਹੈ। ਜੋ ਇਕ ਵਿਅਕਤੀ ਦੇ ਲਈ ਸੱਚ ਹੁੰਦਾ ਹੈ ਜ਼ਰੂਰੀ ਨਹੀਂ ਹੈ ਕਿ ਕਿਸੇ ਹੋਰ ਦੇ ਲਈ ਵੀ ਸੱਚ ਹੋਵੇ। ਅਸੀਂ ਸਾਰੇ ਦਲੀਲਾਂ ਨੂੰ ਸੁਣ ਚੁੱਕੇ ਹਾਂ। ਉਹ 21ਵੀਂ ਸਦੀ ਵਿਚ ਪੱਛਮੀ ਸੱਭਿਆਚਾਰ ਵਿਚ ਇੰਨੀਆਂ ਜ਼ਿਆਦਾ ਦੂਰ-ਦੂਰ ਤੱਕ ਫੈਲ ਚੁੱਕੀਆਂ ਹਨ ਜਿੰਨੀਆਂ ਕਿ ਉਹ ਦੋ ਹਜ਼ਾਰ ਸਾਲ ਪਹਿਲਾਂ ਰੋਮੀ ਸੱਭਿਆਚਾਰ ਵਿਚ ਦੂਰ-ਦੂਰ ਤੱਕ ਫੈਲੀਆਂ ਹੋਈਆਂ ਸਨ।

ਅਮਰੀਕੀ ਲੋਕ ਵੱਡੀਆਂ-ਵੱਡੀਆਂ ਕਲੀਸੀਆਵਾਂ ਦੇ ਸੰਸਾਰ ਵਿਚ ਰਹਿੰਦੇ ਹਨ ਜਿਨ੍ਹਾਂ ਦੀ ਅਗਵਾਈ ਕ੍ਰਿਸ਼ਮਾਈ ਆਗੂਆਂ ਦੁਆਰਾ ਕੀਤੀ ਜਾਂਦੀ ਹੈ ਜਿਹੜੇ ਆਪਣੇ ਸਰੋਤਿਆਂ ਨੂੰ ਮਨੋਰੰਜਨ ਦੀ ਚੰਗੀ ਖੁਰਾਕ ਅਤੇ ਖੁਸ਼ਹਾਲੀ, ਤੰਦਰੁਸਤੀ ਅਤੇ ਅਮੀਰੀ ਦਾ “ਸਕਾਰਾਤਮਕ” ਸੰਦੇਸ਼ ਦਿੰਦੇ ਹਨ। ਲੋਕ ਇਸ ਨੂੰ ਪਸੰਦ ਕਰਦੇ ਹਨ। ਹਰੇਕ ਚੀਜ਼ ਸਕਾਰਾਤਮਕ ਅਤੇ ਜੋਸ਼ਪੂਰਣ ਹੁੰਦੀ ਹੈ। ਉਨ੍ਹਾਂ ਦੇ ਮੰਨਣ ਵਾਲੇ ਅੰਦਰ ਆਉਂਦੇ ਅਤੇ ਬਾਹਰ ਜਾਂਦੇ ਰਹਿੰਦੇ ਹਨ। ਪ੍ਰਬੰਧਨ ਕਿਸੇ ਵੀ ਲੋਕ ਸੰਪਰਕ ਸਮੱਸਿਆਵਾਂ ਨੂੰ ਹੱਲ ਕਰਦਾ ਹੈ। ਐਤਵਾਰ ਦੀ ਸਵੇਰ ਨੂੰ ਇਕ ਚੰਗਾ, ਸਕਾਰਾਤਮਕ “ਆਤਮਿਕ” ਅਨੁਭਵ ਉਸ ਬਾਰੇ ਜਿੱਥੋਂ ਤੱਕ ਬਹੁਤ ਸਾਰੇ ਲੋਕ ਮਸੀਹੀ ਜੀਉਣ ਦੀ ਖੋਜ ਕਰਨਾ ਚਾਹੁੰਦੇ ਹਨ। ਪਤਰਸ ਦੀ ਦੂਜੀ ਪੱਤ੍ਰੀ ਸੰਭਵ ਤੌਰ ਤੇ ਕਿਸੇ ਦੀ “ਸਕਾਰਾਤਮਕ ਸੰਦੇਸ਼ਾਂ” ਦੀ ਸੂਚੀ ਵਿਚ ਆਉਣ ਦੇ ਯੋਗ ਨਹੀਂ ਹੋਵੇਗੀ। ਉਸ ਨੇ “ਦੁਸ਼ਟਾਂ” ਬਾਰੇ ਚਿਤਾਵਨੀ ਦਿੱਤੀ ਜਿਹੜੇ ਉਸ ਦੇ ਪਾਠਕਾਂ ਨੂੰ ਮਸੀਹ ਤੋਂ ਦੂਰ ਕਰ ਰਹੇ ਸਨ; ਉਸ ਨੇ ਉਨ੍ਹਾਂ ਨੂੰ ਮਿੰਨਤ ਕੀਤੀ ਕਿ ਉਹ ਕਿਤੇ ਭਟਕ ਨਾ ਜਾਣ। ਅੰਦਾਜ਼ਨ, ਇਸ ਦੂਜੀ ਪੱਤ੍ਰੀ ਵਿਚ ਬਹੁਤ ਸਾਰੀ “ਨਕਰਾਤਮਕਤਾ” ਹੈ।

ਰਸੂਲ “ਭੁੱਲ” ਬਾਰੇ ਬੋਲਣ ਤੋਂ ਨਹੀਂ ਡਰਦਾ। ਝੂਠੇ ਗੁਰੂਆਂ ਦਾ ਸਾਹਮਣਾ ਕਰਨ ਦੇ ਲਈ, ਪਤਰਸ ਨੇ ਯਿਸੂ ਮਸੀਹ ਦਾ ਰਸੂਲ ਹੋਣ ਦੇ ਨਾਤੇ ਆਪਣੇ ਰੁਤਬੇ ਨੂੰ ਇਸਤੇਮਾਲ ਕੀਤਾ (1:1)। ਅੱਜ ਕੱਲ ਦੇ ਮਸੀਹੀ ਲੋਕ, ਜੇਕਰ ਉਨ੍ਹਾਂ ਨੇ ਭੁੱਲ ਦਾ ਸਾਹਮਣਾ ਕਰਨਾ ਹੈ ਤਾਂ ਉਨ੍ਹਾਂ ਦੇ ਕੋਲ ਉਨ੍ਹਾਂ ਦੇ ਸਰੋਤ ਵਜੋਂ ਪਵਿੱਤਰ ਵਚਨ ਹੈ। ਲੜਾਕੂ ਹੋਣਾ ਮਜ਼ੇਦਾਰ ਕੰਮ ਨਹੀਂ ਹੈ। ਫਿਰ ਵੀ, 2 ਪਤਰਸ ਲੜਾਕੂ ਹੈ। ਉਨ੍ਹਾਂ ਨੂੰ ਚਿਤਾਵਨੀ ਦੇਣ ਨਾਲੋਂ ਜਿਹੜੇ ਬਚੇ ਹੋਏ ਹਨ ਕਿ ਉਹ ਉਨ੍ਹਾਂ ਦੀ **ਦ੍ਰਿੜ੍ਹਤਾ** ਤੋਂ ਡਿੱਗਣ ਦੇ ਖ਼ਤਰੇ ਵਿਚ ਹਨ ਨਿੱਜੀ ਤੌਰ ਤੇ ਗੁਆਚੇ ਹੋਇਆਂ ਨੂੰ ਮਸੀਹ ਦੀ ਖੁਸ਼ਖ਼ਬਰੀ ਸੁਣਾਉਣਾ ਜ਼ਿਆਦਾ ਲਾਹੇਵੰਦ ਹੈ। ਅਕਸਰ, ਅਜਿਹੀਆਂ ਚਿਤਾਵਨੀਆਂ ਵੱਲ ਕੋਈ ਕੰਨ ਨਹੀਂ ਲਾਉਂਦਾ। ਕਈ ਵਾਰ ਵਫ਼ਾਦਾਰੀ ਲਈ ਅਪੀਲ ਕਰਨ ਦਾ ਨਤੀਜਾ ਝਗੜਾ ਹੁੰਦਾ ਹੈ। ਇੰਨਾ ਮੁਸ਼ਕਲ ਹੋਣ ਦੇ ਬਾਵਜੂਦ ਵੀ, ਪਤਰਸ ਨੇ ਇਸ ਕੰਮ ਦੀ ਜ਼ਿੰਮੇਵਾਰੀ ਲਈ। ਉਸ ਨੇ ਆਪਣੇ ਪਾਠਕਾਂ ਨੂੰ ਦ੍ਰਿੜ੍ਹ ਬਣਨ ਦੀ ਬੇਨਤੀ ਕੀਤੀ। ਉਸ ਨੇ ਬੇਨਤੀ ਕੀਤੀ ਕਿ “ਹਰੇਕ ਵਿਅਕਤੀ ਨੂੰ ਨਾ ਸੁਣੋ ਜਿਹੜੇ ਕਿਸੇ ਖਾਸ ਪਰਕਾਸ਼, ਗਿਆਨ ਦੇ ਕਿਸੇ ਖਾਸ ਸਰੋਤ ਹੋਣ ਦਾ ਦਾਅਵਾ ਕਰਦਾ ਹੈ।”

ਝੂਠੀ ਸਿੱਖਿਆ ਦਾ ਤੋੜ ਗਿਆਨ ਹੈ। ਵਿਸ਼ਵਾਸੀਆਂ ਨੇ ਜੇਕਰ ਆਪਣੀ “ਦ੍ਰਿੜ੍ਹਤਾ” ਵਿਚ ਕਾਇਮ ਰਹਿਣਾ ਹੈ ਤਾਂ ਉਨ੍ਹਾਂ ਨੂੰ ਗਿਆਨ ਵਾਲੇ ਲੋਕ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕੀ ਵਿਸ਼ਵਾਸ ਕਰਦੇ ਹਨ ਅਤੇ ਕਿਉਂ ਵਿਸ਼ਵਾਸ ਕਰਦੇ ਹਨ। ਉਨ੍ਹਾਂ ਨੂੰ ਪਵਿੱਤਰ ਵਚਨ ਵਿਚ ਜੋ ਗਿਆਨ ਪਰਗਟ ਕੀਤਾ ਗਿਆ ਹੈ ਆਪਣੇ ਆਪ ਨੂੰ ਉਸ ਵਿਚ ਤਰ ਕਰਨਾ ਚਾਹੀਦਾ ਹੈ। ਕਲੀਸੀਆ ਦੀ ਸਿੱਖਿਆ ਸਮੁੰਦਰੀ ਜਹਾਜ਼ ਵਿਚ

ਸਫ਼ਰ ਕਰਦੇ ਹੋਏ ਹਵਾ ਦੇ ਵਾਂਗ ਹੈ ਜੋ ਉਸ ਨੂੰ ਚਲਾਉਂਦੀ ਹੈ। ਸਾਨੂੰ "ਅੱਗੇ ਹੀ" ਚਿਤਾਵਨੀ ਦਿੱਤੀ ਜਾ ਚੁੱਕੀ ਹੈ ਕਿ ਸਾਨੂੰ ਲਾਪਰਵਾਹ ਤਰੀਕੇ ਨਾਲ ਕਲੀਸੀਆ ਦੀ ਸਿੱਖਿਆ ਨਾਲ ਪੇਸ਼ ਨਹੀਂ ਆਉਣਾ ਚਾਹੀਦਾ। ਗਿਆਨ ਜੁਸ਼ੀਲੇ ਵਿਸ਼ਵਾਸੀ ਨੂੰ ਵਫ਼ਾਦਾਰੀ ਵੱਲ ਲੈ ਕੇ ਜਾਵੇਗਾ; ਜੁਸ਼ੀਲੇ ਮਸੀਹੀ ਲੋਕ ਜਿਨ੍ਹਾਂ ਵਿਚ ਗਿਆਨ ਦੀ ਕਮੀ ਹੈ ਉਨ੍ਹਾਂ ਦਾ ਟਾਕਰਾ ਤਬਾਹੀ ਨਾਲ ਹੋਵੇਗਾ।

**ਆਇਤ 18.** ਪਤਰਸ ਦੇ ਅਖ਼ੀਰਲੇ ਸ਼ਬਦ ਮਸੀਹੀ ਨਸੀਹਤ ਦਾ ਇਕ ਨਮੂਨਾ ਹਨ। ਉਸ ਨੇ ਕਿਹਾ, **ਵਧਦੇ ਜਾਓ**। ਇਹ ਪਹਿਲੀ ਵਾਰ ਨਹੀਂ ਹੈ ਕਿ ਉਸ ਨੇ ਇਸ ਗੱਲ ਦੀ ਮੰਗ ਕੀਤੀ ਹੈ ਕਿ ਮਸੀਹੀ ਸਫ਼ਰ ਉੱਪਰ ਵੱਲ ਨੂੰ ਵਧਦਾ ਜਾਵੇ। 1:5–8 ਵਿਚ, ਜਦੋਂ ਰਸੂਲ ਨੇ ਮਸੀਹੀ ਗੁਣਾਂ ਦੀ ਆਪਣੀ ਸੂਚੀ ਪੇਸ਼ ਕੀਤੀ ਸੀ, ਉਸ ਨੇ ਵਧਣ ਦੀ ਮੰਗ ਕੀਤੀ ਸੀ। ਉਸ ਨੇ ਇਕ ਗੁਣ ਨੂੰ ਦੂਜੇ ਗੁਣ ਨਾਲ ਜੋੜਿਆ ਸੀ, ਉਸ ਨੇ "ਵਧਦੇ ਜਾਣ" ਸ਼ਬਦ ਦੀ ਵਰਤੋਂ ਕੀਤੀ ਸੀ। ਉਨ੍ਹਾਂ ਗੁਣਾਂ ਵਿਚ ਜਿਨ੍ਹਾਂ ਨੂੰ ਪਤਰਸ ਨੇ ਆਪਣੇ ਪਾਠਕਾਂ ਨੂੰ ਅਪਨਾਉਣ ਦੀ ਬੇਨਤੀ ਕੀਤੀ ਸੀ ਇਕ ਗੁਣ "ਗਿਆਨ" ਵੀ ਸੀ। ਪੱਤ੍ਰੀ ਦੇ ਸ਼ੁਰੂਆਤੀ ਸ਼ਬਦਾਂ ਵਿਚ ਉਸ ਨੇ ਪ੍ਰਾਰਥਨਾ ਕੀਤੀ ਸੀ ਕਿ "ਪਰਮੇਸ਼ੁਰ ਅਤੇ ਯਿਸੂ ਸਾਡੇ ਪ੍ਰਭੂ ਦੇ ਗਿਆਨ ਦੇ ਰਾਹੀਂ ਤੁਹਾਡੇ ਲਈ ਕਿਰਪਾ ਅਤੇ ਸ਼ਾਂਤੀ ਵੱਧ ਤੋਂ ਵੱਧ ਹੁੰਦੀ ਜਾਵੇ" (1:2)। ਇਹ ਉੱਚਿਤ ਹੈ ਕਿ ਰਸੂਲ ਪੱਤ੍ਰੀ ਦੀ ਆਖ਼ਰੀ ਆਇਤ ਵਿਚ "ਗਿਆਨ" ਵੱਲ ਮੁੜਿਆ।

ਵਧਣ ਦੀ ਨਸੀਹਤ ਵਿਚ **ਸਾਡੇ ਪ੍ਰਭੂ ਦੀ ਕਿਰਪਾ ਅਤੇ ਗਿਆਨ** ਵਿਚ ਵਧਣਾ ਸ਼ਾਮਲ ਹੈ. ਪਰ ਦੋਹਾਂ ਵਿਚ ਬਰੀਕ ਜਿਹਾ ਫ਼ਰਕ ਹੈ। ਕਿਰਪਾ ਪ੍ਰਭੂ ਦੁਆਰਾ ਦਿੱਤੀ ਜਾਂਦੀ ਹੈ। ਇਹ ਇਕ ਅਜਿਹੀ ਚੀਜ਼ ਹੈ ਜੋ ਧੰਨਵਾਦ ਸਹਿਤ ਕਬੂਲ ਕਰਨੀ ਹੈ। ਮਸੀਹ ਕਿਰਪਾ ਦਿੰਦਾ ਹੈ; ਮਸੀਹੀ ਵਿਅਕਤੀ ਗਿਆਨ ਦਾ ਪਿੱਛਾ ਕਰਦਾ ਹੈ। ਵਧਣ ਦੀ ਨਸੀਹਤ ਉਦੋਂ ਜ਼ਿਆਦਾ ਢੁਕਵੀਂ ਜਾਪਦੀ ਹੈ ਜਦੋਂ ਵਿਸ਼ਾ ਕਿਰਪਾ ਦੀ ਬਜਾਇ ਗਿਆਨ ਹੁੰਦਾ ਹੈ। ਸਪੱਸ਼ਟ ਤੌਰ ਤੇ ਪਤਰਸ ਦਾ ਇਹੋ ਅਰਥ ਸੀ: ਯਿਸੂ ਮਸੀਹ ਦੀ ਕਿਰਪਾ ਉਨ੍ਹਾਂ ਵਿਸ਼ਵਾਸੀਆਂ ਉੱਤੇ ਹੋਵੇਗੀ ਜਿਹੜੇ ਉਸ ਵਿਚ ਵਫ਼ਾਦਾਰੀ ਨਾਲ ਜੀਉਂਦੇ ਹਨ। ਪਤਰਸ ਦੇ ਮਨ ਵਿਚ ਕਿਰਪਾ ਦੀ ਇਹੋ ਜਿਹੀ ਤਕਨੀਕੀ ਪਰਿਭਾਸ਼ਾ ਨਹੀਂ ਸੀ ਜੋ ਸਾਨੂੰ ਪੌਲੁਸ ਦੀਆਂ ਪੱਤ੍ਰੀਆਂ ਵਿਚ ਮਿਲਦੀ ਹੈ। ਪੌਲੁਸ ਦੇ ਲਈ, ਕਿਰਪਾ ਮਸੀਹ ਵਿਚ ਮੁਕਤੀ ਦੀ ਸ਼ੁਰੂਆਤ ਕਰਨਾ ਅਤੇ ਮੁਕਤੀ ਪ੍ਰਦਾਨ ਕਰਨ ਲਈ ਪਰਮੇਸ਼ੁਰ ਦਾ ਕਿਰਪਾਲੂ ਕੰਮ ਸੀ। ਇਸ ਭਾਵ ਵਿਚ, ਕਿਰਪਾ ਕੰਮਾਂ ਦੇ ਵਿਰੁੱਧ ਰੱਖੀ ਗਈ ਹੈ। ਕੋਈ ਵੀ ਵਿਅਕਤੀ ਮਨੁੱਖੀ ਕੰਮਾਂ ਰਾਹੀਂ ਨਹੀਂ, ਪਰਮੇਸ਼ੁਰ ਦੀ ਕਿਰਪਾ ਰਾਹੀਂ ਬਚਾਇਆ ਜਾਂਦਾ ਹੈ। ਪਤਰਸ ਨੇ ਇਸ ਸ਼ਬਦ ਦੀ ਵਰਤੋਂ ਆਮ ਸੁਆਦ ਵਿਚ ਕੀਤੀ ਜੋ ਸੁਆਦ ਯੂਨਾਨੀ ਬੋਲਣ ਵਾਲੇ ਸੰਸਾਰ ਵਿਚ ਹੁੰਦਾ ਸੀ। ਜਦੋਂ ਉਸ ਨੇ ਵਿਸ਼ਵਾਸੀਆਂ ਨੂੰ ਕਿਰਪਾ ਵਿਚ ਵਧਣ ਦੀ ਬੇਨਤੀ ਕੀਤੀ, ਉਸ ਨੇ ਮਸੀਹ ਦੀ ਕਿਰਪਾ, ਉਸ ਦੀਆਂ ਬਰਕਤਾਂ ਦੇ ਭਾਵ ਵਿਚ ਸ਼ਬਦ ਦੀ ਵਰਤੋਂ ਕੀਤੀ। ਮਸੀਹ ਆਪਣੀਆਂ ਬਰਕਤਾਂ ਉਨ੍ਹਾਂ ਨੂੰ ਦਿੰਦਾ ਹੈ ਜਿਹੜੇ ਰਸੂਲੀ ਸੰਦੇਸ਼ ਵਿਚ ਦ੍ਰਿੜ੍ਹ ਖੜ੍ਹੇ ਰਹਿੰਦੇ ਹਨ। ਜਦੋਂ ਉਨ੍ਹਾਂ ਨੇ ਪ੍ਰਭੂ ਦੇ ਲਈ ਉਨ੍ਹਾਂ ਦੇ ਪ੍ਰੇਮ ਵਿਚ ਅਤੇ ਪ੍ਰਭੂ ਨੇ ਉਨ੍ਹਾਂ ਦੇ ਲਈ ਜੋ ਕੀਤਾ ਸੀ ਉਸ ਗਿਆਨ ਵਿਚ ਵਧਣਾ ਸੀ, ਉਨ੍ਹਾਂ ਨੇ ਪਵਿੱਤਰ ਅਤੇ ਭਗਤੀ ਵਾਲੇ ਜੀਉਣ ਵਿਚ ਵਧਣਾ ਸੀ, ਉਨ੍ਹਾਂ ਨੇ ਪ੍ਰਭੂ ਦੀ ਕਿਰਪਾ ਵਿਚ ਵਧਣਾ ਸੀ।

ਉਸੇ ਕਿਸਮ ਦਾ ਵਿਹਾਰ ਜਿਸ ਦਾ ਨਤੀਜਾ ਪ੍ਰਭੂ ਦੀ "ਕਿਰਪਾ" ਵਿਚ ਵਧਣਾ ਸੀ, ਉਸ ਦਾ ਨਤੀਜਾ "ਗਿਆਨ" ਵਿਚ ਵੀ ਸੀ। ਮਸੀਹੀ ਜੀਵਨ ਕਦੀ ਗਤੀਹੀਣ ਨਹੀਂ ਹੋ ਸਕਦਾ।

ਜੀਉਂਦੇ ਪ੍ਰਾਣੀ ਦੇ ਵਾਂਗ, ਕੋਈ ਜਾਂ ਤਾਂ ਵਧਦਾ ਹੈ ਜਾਂ ਢਲਦਾ ਜਾਂਦਾ ਹੈ। ਉਹ ਲੋਕ ਜਿਹੜੇ ਕ੍ਰਿਸ਼ਮਈ ਉਪਦੇਸ਼ਕਾਂ ਦੁਆਰਾ ਦਿੱਤੇ ਜਾਣ ਵਾਲੇ ਆਕਰਸ਼ਕ ਸੰਦੇਸ਼ਾਂ ਦੇ ਪ੍ਰਤੀ ਸਭ ਤੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ ਗਿਆਨ ਵਿਚ ਬਹੁਤ ਘੱਟ ਦ੍ਰਿੜ੍ਹ ਹੁੰਦੇ ਹਨ। ਜੋ ਲੋਕ ਮਸੀਹੀਅਤ ਨੂੰ ਭਾਵਨਾਤਮਕ ਅਨੁਭਵਾਂ ਦੇ ਬਰਾਬਰ ਸਮਝਣਾ ਚਾਹੁੰਦੇ ਹਨ ਸਭ ਤੋਂ ਜ਼ਿਆਦਾ ਦ੍ਰਿੜ੍ਹਤਾ ਤੋਂ ਡਿੱਗਣ ਦੇ ਖ਼ਤਰੇ ਵਿਚ ਹਨ। ਇਸੇ ਕਰਕੇ ਪਤਰਸ ਨੇ ਆਪਣੀ ਪੱਤ੍ਰੀ ਦੇ ਅੰਤ ਵਿਚ ਇੱਥੇ ਵਿਸ਼ਿਆਂ ਨੂੰ ਇਕੱਠੇ ਰੱਖਿਆ ਹੈ। ਉਸ ਨੇ ਕਿਹਾ, "ਚੌਕਸ ਰਹੋ।" ਕੋਈ ਵੀ ਵਿਅਕਤੀ ਚੌਕਸ ਰਹੇ ਤਾਂ ਕਿ ਉਹ ". . . ਭੁੱਲ ਨਾਲ ਭਰਮ ਵਿਚ ਨਾ ਪੈ ਜਾਵੇ" ਜਦੋਂ ਉਹ ਗਿਆਨ ਵਿਚ ਵਧਦਾ ਹੈ। ਵਫ਼ਾਦਾਰੀ ਦੇ ਲਈ ਕੋਈ ਛੋਟਾ ਰਾਹ ਨਹੀਂ ਹੈ।

ਪੱਤ੍ਰੀ ਦੇ ਅੰਤ ਵਿਚ ਅਕਾਲ-ਉਸਤਤੀ ਵਿਚ **ਮੁਕਤੀ ਦਾਤੇ ਯਿਸੂ ਮਸੀਹ** ਦੀ ਵਡਿਆਈ ਹੈ। ਸਪੱਸ਼ਟ ਰੂਪ ਵਿਚ ਮਸੀਹ ਨੂੰ ਵਡਿਆਈ ਦੇਣਾ ਅਸਧਾਰਣ ਗੱਲ ਹੈ। ਆਮ ਤੌਰ ਤੇ, ਵਡਿਆਈ ਦਾ ਪਾਤਰ ਪਿਤਾ ਪਰਮੇਸ਼ੁਰ ਹੈ। ਇਹ ਕਹਿਣ ਤੋਂ ਬਾਅਦ, ਇਹ ਨਾਉਮੀਦੀ ਨਹੀਂ ਹੈ ਕਿ ਪਤਰਸ ਨੂੰ ਆਪਣੀ ਪੱਤ੍ਰੀ ਨੂੰ ਇਹ ਕਹਿ ਕੇ ਖਤਮ ਕਰਨਾ ਚਾਹੀਦਾ ਹੈ ਕਿ ਮਸੀਹ ਦੀ **ਵਡਿਆਈ ਹੁਣ ਅਤੇ ਜੁੱਗੋ ਜੁੱਗ ਹੁੰਦੀ ਰਹੇ**। ਪੱਤ੍ਰੀ ਦੀ ਸ਼ੁਰੂਆਤੀ ਆਇਤ ਉਸ ਨੇ "ਸਾਡੇ ਪਰਮੇਸ਼ੁਰ ਅਤੇ ਮੁਕਤੀਦਾਤਾ ਯਿਸੂ ਮਸੀਹ ਦੀ ਧਾਰਮਿਕਤਾ" ਦੀ ਗੱਲ ਕੀਤੀ ਸੀ। ਅੰਤ ਵਿਚ ਮਸੀਹ ਨੂੰ ਵਡਿਆਈ ਦੇਣਾ ਪਰਮੇਸ਼ੁਰ ਨੂੰ ਵਡਿਆਈ ਦੇਣਾ ਸੀ। ਯਿਸੂ ਹਰ ਭਾਵ ਵਿਚ ਰੱਬੀ ਹੈ। "ਸਦੀਪਕਾਲ ਦਾ ਦਿਨ" "ਪਰਮੇਸ਼ੁਰ ਦੇ ਦਿਨ," "ਮਸੀਹ ਦੇ ਦਿਨ," "ਪ੍ਰਭੂ ਦੇ ਦੁਬਾਰਾ ਆਉਣ ਦੇ ਦਿਨ" ਅਤੇ "ਨਿਆਉਂ ਦੇ ਦਿਨ" ਦੇ ਬਰਾਬਰ ਹੈ। ਸਾਰਾ ਸਮਾਂ ਇਸ ਆਖ਼ਰੀ ਗੱਲ ਵਿਚ ਸ਼ਾਮਲ ਹੈ: "ਉਹ ਦੀ ਵਡਿਆਈ ਹੁਣ ਅਤੇ ਜੁੱਗੋ ਜੁੱਗ ਹੁੰਦੀ ਰਹੇ। ਆਮੀਨ।"